**ਮਦੀਨਾ, ਸਾਊਦੀ ਅਰਬ ਵਿੱਚ ਭਾਰਤੀ ਨਾਗਰਿਕਾਂ ਨਾਲ ਸੰਬੰਧਿਤ ਦੁੱਖਦ ਦੁਰਘਟਨਾ ਤੋਂ ਬਾਅਦ ਭਾਰਤ ਸਰਕਾਰ ਦੇ ਉੱਚ ਪੱਧਰੀ ਵਫ਼ਦ ਦਾ ਦੌਰਾ**

18 ਨਵੰਬਰ 2025

ਭਾਰਤ ਸਰਕਾਰ 17 ਨਵੰਬਰ 2025 ਨੂੰ ਮਦੀਨਾ, ਸਾਊਦੀ ਅਰਬ ਦੇ ਨੇੜੇ ਭਾਰਤੀ ਸ਼ਰਧਾਲੂਆਂ ਨਾਲ ਸੰਬੰਧਿਤ ਦੁਖਦਾਈ ਦੁਰਘਟਨਾ 'ਤੇ ਆਪਣਾ ਡੂੰਘਾ ਦੁੱਖ ਪ੍ਰਗਟ ਕਰਦੀ ਹੈ. ਅਸੀਂ ਸ਼ੋਕ ਵਿੱਚ ਡੁੱਬੇ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਜਤਾਉਂਦੇ ਹਾਂ ਅਤੇ ਜ਼ਖਮੀਆਂ ਦੇ ਤੇਜ਼ੀ ਨਾਲ ਠੀਕ ਹੋਣ ਦੀ ਕਾਮਨਾ ਕਰਦੇ ਹਾਂ।

2. ਹੱਜ ਅਤੇ ਉਮਰਾਹ ਮੰਤਰਾਲੇ ਸਮੇਤ ਸਊਦੀ ਅਧਿਕਾਰੀਆਂ ਨਾਲ ਤਾਲਮੇਲ ਵਿੱਚ ਪੂਰੀ ਸਹਾਇਤਾ ਦੇਣ ਅਤੇ ਰਾਹਤ ਉਪਾਵਾਂ ਦੀ ਨਿਗਰਾਨੀ ਕਰਨ ਲਈ, ਆਂਧਰਾ ਪ੍ਰਦੇਸ਼ ਦੇ ਮਾਨਯੋਗ ਰਾਜਪਾਲ, ਸ਼੍ਰੀ ਜਸਟਿਸ ਐਸ ਅਬਦੁੱਲ ਨਜ਼ੀਰ ਦੀ ਅਗਵਾਈ ਵਿੱਚ ਭਾਰਤ ਸਰਕਾਰ ਦਾ ਇੱਕ ਉੱਚ ਪੱਧਰੀ ਵਫ਼ਦ ਕੱਲ ਸਊਦੀ ਅਰਬ ਦਾ ਦੌਰਾ ਕਰੇਗਾ। ਉਨ੍ਹਾਂ ਦੇ ਨਾਲ ਵਿਦੇਸ਼ ਮੰਤਰਾਲੇ ਦੇ ਸਕੱਤਰ (CPV ਅਤੇ OIA), ਸ਼੍ਰੀ ਅਰੁਣ ਕੁਮਾਰ ਚੈਟਰਜੀ ਵੀ ਹੋਣਗੇ। ਵਫ਼ਦ ਵਲੋਂ ਮ੍ਰਿਤਕਾਂ ਦੀ ਅੰਤਿਮ ਰਸਮਾਂ ਵਿੱਚ ਵੀ ਹਿੱਸਾ ਲੈਣ ਦੀ ਉਮੀਦ ਹੈ।

3. ਭਾਰਤੀ ਦੂਤਾਵਾਸ, ਰਿਆਧ ਅਤੇ ਭਾਰਤ ਦੇ ਕੌਂਸਲੇਟ ਜਨਰਲ, ਜੇਦਾਹ ਮ੍ਰਿਤਕਾਂ ਦੀ ਪਛਾਣ ਨੂੰ ਤੇਜ਼ ਕਰਨ ਲਈ ਸਥਾਨਕ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਭਾਰਤ ਸਰਕਾਰ ਮ੍ਰਿਤਕ ਦੇ ਪਰਿਵਾਰਾਂ ਨੂੰ ਸਊਦੀ ਅਰਬ ਤੱਕ ਯਾਤਰਾ ਦੀ ਸੁਵਿਧਾ ਵੀ ਪ੍ਰਦਾਨ ਕਰ ਰਹੀ ਹੈ। ਭਾਰਤ ਸਰਕਾਰ ਇਸ ਦੁਰਘਟਨਾ ਤੋਂ ਪ੍ਰਭਾਵਿਤ ਭਾਰਤੀ ਨਾਗਰਿਕਾਂ ਦੀ ਸਹਾਇਤਾ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਤੇਜ਼ ਅਤੇ ਪ੍ਰਭਾਵਸ਼ਾਲੀ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ।

ਨਵੀਂ ਦਿੱਲੀ

18 ਨਵੰਬਰ 2025